8

# ਮਸੀਹ ਆ ਰਿਹਾ ਹੈ!

## ਬਾਈਬਲ ਪਾਠ #1

I. ਆਪਣੀ ਸੇਵਕਾਈ ਤੋਂ ਪਹਿਲਾਂ ਮਸੀਹ ਦੀ ਜ਼ਿੰਦਗੀ ਦਾ ਕਾਲ।
   ੳ. ਲੂਕਾ ਦੀ ਭੂਮਿਕਾ ਅਤੇ ਸਮਰਪਣ (ਲੂਕਾ 1:1–4)।
   ਅ. ਯੂਹੰਨਾ ਵਿਚ ਜਾਣ ਪਛਾਣ (ਯੂਹੰਨਾ 1:1–18)।
   ੲ. ਮੱਤੀ ਵਿਚ ਯਿਸੂ ਦੀ ਕੁਲਪੱਤਰੀ (ਮੱਤੀ 1:1–17)।
   ਸ ਲੂਕਾ ਵਿਚ ਯਿਸੂ ਦੀ ਕੁਲਪੱਤਰੀ (ਲੂਕਾ 3:23–38)।
   ਹ. ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਜਨਮ ਦਾ ਜ਼ਕਰਯਾਹ ਕੋਲ ਫ਼ਰਿਸ਼ਤੇ ਦੇ ਰਾਹੀਂ ਐਲਾਨ (ਲੂਕਾ 1:5–25)।
   ਕ. ਮਰੀਅਮ ਕੋਲ ਯਿਸੂ ਦੇ ਜਨਮ ਦਾ ਐਲਾਨ (1:26–38)।
   ਖ. ਮਰੀਅਮ (ਯਿਸੂ ਦੀ ਹੋਣ ਵਾਲੀ ਮਾਂ) ਦਾ ਇਲੀਸਬਤ (ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਹੋਣ ਵਾਲੀ ਮਾਂ) ਕੋਲ ਜਾਣਾ (ਲੂਕਾ 1:39–56)।[1]
   ਗ. ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਜਨਮ ਅਤੇ ਮੁੱਢਲਾ ਜੀਵਨ (ਲੂਕਾ 1:57–80)।

### ਜਾਣ ਪਛਾਣ (ਲੂਕਾ 1:1-4)

ਇੰਜੀਲ ਦੇ ਆਪਣੇ ਵਿਰਤਾਂਤ ਵਿਚ ਲੂਕਾ ਨੇ ਲਿਖਿਆ ਹੈ, ‘‘ ... ਮੈਂ ਵੀ ਸਿਰੇ ਤੋਂ [ਮਸੀਹ ਦੀ ਜ਼ਿੰਦਗੀ ਦੀ] ਸਾਰੀ ਵਾਰਤਾ ... ਤੇਰੇ ਲਈ ਜਿਵੇਂ ਹੋਇਆ ਹੈ ਤਿਵੇਂ ਲਿਖਾਂ। ਤਾਂ ਜੋ ਤੂੰ ਉਨ੍ਹਾਂ ਗੱਲਾਂ ਦੀ ਹਕੀਕਤ ਨੂੰ ਜਾਣ ਲਵੇਂ ਜਿਨ੍ਹਾਂ ਦੀ ਤੈਂ ਸਿੱਖਿਆ ਪਾਈ’’ (ਆਇਤਾਂ 3, 4)।[2] ਇਸ ਅਧਿਐਨ ਦਾ ਮੁੱਖ ਮਕਸਦ ਯਿਸੂ ਵਿਖੇ ਬਾਰੇ ‘‘ਜਿਵੇਂ ਹੋਇਆ ਹੈ ਤਿਵੇਂ’’ ਜਾਣਨ ਵਿਚ ਤੁਹਾਡੀ ਮਦਦ ਕਰਨਾ ਹੈ। ਸਾਡਾ ਪਹਿਲਾ ਪਾਠ ਇੰਜੀਲ ਦੇ ਵਿਰਤਾਂਤਾਂ ਦੀ ਜਾਣ ਪਛਾਣ ਦਾ ਹੈ, ਜਿਨ੍ਹਾਂ ਵਿਚ ਉਸ ਦੇ ਜਨਮ ਦਾ ਪਹਿਲਾਂ ਤੋਂ ਅੰਦਾਜ਼ਾ ਹੈ। ਇਸ ਪਾਠ ਦਾ ਸਿਰਲੇਖ ‘‘ਮਸੀਹ ਆ ਰਿਹਾ ਹੈ!’’ ਹੈ।

### ਪੂਰਵ-ਹੋਂਦ ਉੱਤੇ ਜ਼ੋਰ ਦਿੱਤਾ ਗਿਆ (ਯੂਹੰਨਾ 1:1-18)[3]

ਮਸੀਹ ਦੀ ਜ਼ਿੰਦਗੀ ਉੱਤੇ ਵਿਚਾਰ ਕਰਦਿਆਂ, ਅਸੀਂ ਆਮ ਤੌਰ ਤੇ ਬੈਤਲਹਮ ਵਿਚ ਉਹਦੇ ਜਨਮ ਤੋਂ ਹੀ ਸ਼ੁਰੂਆਤ ਕਰਦੇ ਹਾਂ। ਯੂਹੰਨਾ ਚਾਹੁੰਦਾ ਸੀ ਕਿ ਉਸ ਦੇ ਪਾਠਕਾਂ ਨੂੰ ਪਤਾ ਲੱਗੇ ਕਿ ਯਿਸੂ ਦਾ ਵਜੂਦ ਉਸਦੇ ਜਨਮ ਦੀ ਉਸ ਘਟਨਾ ਤੋਂ ਬਹੁਤ ਪਹਿਲਾਂ ਤੋਂ ਸੀ। ਉਹ ਤਾਂ ਸੰਸਾਰ ਦੇ ਬਣਾਏ ਜਾਣ ਤੋਂ ਵੀ ਪਹਿਲਾਂ ਸੀ, ਕਿਉਂਕਿ ਹਕੀਕਤ ਵਿਚ ਉਹ ਖ਼ੁਦਾ ਹੀ ਹੈ:

> ਆਦਿ ਵਿਚ ਸ਼ਬਦ ਸੀ ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ੁਰ ਸੀ। ਇਹੋ ਆਦਿ ਵਿਚ ਪਰਮੇਸ਼ੁਰ ਦੇ ਸੰਗ ਸੀ।[4] ਸੱਭੋ ਕੁਝ ਉਸ ਤੋਂ ਰਚਿਆ ਗਿਆ ਅਤੇ ਰਚਨਾ ਵਿੱਚੋਂ ਇਕ ਵਸਤੁ ਭੀ ਉਸ ਤੋਂ ਬਿਨਾ ਨਹੀਂ ਰਚੀ ਗਈ (ਯੂਹੰਨਾ 1:1–3)।

ਯਿਸੂ ''ਖ਼ੁਦਾਈ'' ਦੀਆਂ ਤਿੰਨਾਂ ਸ਼ਖ਼ਸੀਅਤਾਂ ਵਿੱਚੋਂ ਇਕ ਹੈ ਜਿੰਨ੍ਹਾਂ ਨੂੰ KJV ਵਿਚ "Godhead" ਆਖਿਆ ਗਿਆ ਹੈ (ਰਸੂਲਾਂ ਦੇ ਕੰਮ 17:29; ਰੋਮੀਆਂ 1:20; ਕੁਲੁੱਸੀਆਂ 2:9)। ਮੱਤੀ 28:19 ਵਿਚ ਤਿੰਨਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਆਖਿਆ ਗਿਆ ਹੈ। ਇਸ ਹਕੀਕਤ ਨੂੰ ਕਿ ਯਿਸੂ ਖ਼ੁਦਾ ਹੈ ਸਮਝਣਾ ਅਸਾਨ ਨਹੀਂ ਹੈ। ''ਖ਼ੁਦਾ'' ਸ਼ਬਦ ਦੀ ਵਰਤੋਂ ਕਰਦਿਆਂ ਲੋਕ ਆਮ ਤੌਰ ਤੇ ਖ਼ੁਦਾ, ਬਾਪ ਦੀ ਗੱਲ ਕਰ ਰਹੇ ਹੁੰਦੇ ਹਨ। ਹੁਣ ਲਈ ਆਪਣੇ ਮਨ ਵਿਚ ਸੋਚ ਲਓ ਕਿ ਯਿਸੂ ਖ਼ੁਦਾ, ਬੇਟਾ ਹੈ, ਇਸ ਲਈ ਇਹਦੇ ਇਲਾਹੀ ਹੋਣ ਬਾਰੇ ਹੋਰ ਵਿਸਤਾਰ ਨਾਲ ਚਰਚਾ ਕੀਤੀ ਜਾ ਸਕਦੀ ਹੈ।

ਫਿਰ ਯਿਸੂ ਬਾਰੇ ਵਿਚਾਰ ਕਰਦਿਆਂ ਆਮ ਤੌਰ ਤੇ ਅਸੀਂ ''ਯਿਸੂ'' ਨਾਂਅ ਜਾਂ ''ਮਸੀਹ'' ਠਹਿਰਾਏ ਜਾਣ ਦੇ ਰੂਪ ਵਿਚ ਹੀ ਵੇਖਦੇ ਹਾਂ। ਪਰ ਫ਼ਰਿਸ਼ਤੇ ਨੇ ਯੂਸੁਫ਼ ਨੂੰ ਮਰੀਅਮ ਦੀ ਕੁੱਖੋਂ ਬੇਟਾ ਜਣਨ ਦੀ ਗੱਲ ਦੱਸਦਿਆਂ ਕਿਹਾ ਸੀ ਕਿ ''ਤੂੰ ਉਹਦਾ ਨਾਮ ਯਿਸੂ *ਰੱਖੀਂ*'' (ਮੱਤੀ 1:21)। ਜਿੱਥੋਂ ਤਕ ''ਮਸੀਹ'' ਜਾਂ ਖ੍ਰਿਸਟੁਸ (ਮਸਹ ਕੀਤਾ ਹੋਇਆ) ਦੀ ਗੱਲ ਹੈ, ਯਿਸੂ ਦੇ ਬਪਤਿਸਮਾ ਲੈਣ ਵੇਲੇ (ਮੱਤੀ 3:13–17) ਖ਼ੁਦਾ ਨੇ ਆਤਮਾ ਨਾਲ ਉਸ ਨੂੰ ਮਸਹ ਕੀਤਾ ਸੀ (ਲੂਕਾ 4:18; ਰਸੂਲਾਂ ਦੇ ਕੰਮ 10:38)। ਧਰਤੀ ਉੱਤੇ ਯਿਸੂ ਦੀ ਸੇਵਕਾਈ ਤੋਂ *ਪਹਿਲਾਂ* ਉਸ ਦਾ ਨਾਂਅ ਕੀ ਸੀ?[5]

ਯੂਹੰਨਾ ਨੇ ਕਿਹਾ ਕਿ ਯਿਸੂ ਮਨੁੱਖ ਦੇ ਰੂਪ ਵਿਚ ਆਉਣ ਤੋਂ ਪਹਿਲਾਂ *ਲੋਗੋਸ*[6] ਭਾਵ ''ਸ਼ਬਦ'' ਸੀ। ਮਸੀਹ ਦੇ ਰੂਪ ਵਿਚ ਧਰਤੀ ਉੱਤੇ ਖ਼ੁਦਾ ਦਾ ਸ਼ਬਦ ਦੇਹਧਾਰੀ ਹੋ ਕੇ ਆਇਆ। ਯੂਹੰਨਾ ਨੇ 1:18 ਵਿਚ ਲਿਖਿਆ, ''ਕਿਸੇ ਨੇ ਪਰਮੇਸ਼ੁਰ ਨੂੰ ਕਦੇ ਨਹੀਂ ਵੇਖਿਆ, ਇਕਲੌਤਾ ਪੁੱਤਰ ਜਿਹੜਾ ਪਿਤਾ ਦੀ ਗੋਦ ਵਿਚ ਹੈ ਉਸੇ ਨੇ ਉਸ ਨੂੰ ਪਰਗਟ ਕੀਤਾ।'' ਆਪਣੀ ਸਿੱਖਿਆ ਅਤੇ ਨਮੂਨਾ ਦੇ ਕੇ ਯਿਸੂ ਨੇ ਖ਼ੁਦਾ ਨੂੰ ''ਪਰਗਟ ਕੀਤਾ।'' ਉਸ ਨੇ ਫ਼ਿਲਿੱਪੁਸ ਨੂੰ ਦੱਸਿਆ, ''... ਜਿਨ ਮੈਨੂੰ ਵੇਖਿਆ ਓਨ ਪਿਤਾ ਨੂੰ ਵੇਖਿਆ ...'' (ਯੂਹੰਨਾ 14:9)।

ਯੂਹੰਨਾ ਦੀ ਕਿਤਾਬ ਦੀ ਜਾਣ ਪਛਾਣ ਦਾ ਸੋਚਣ ਤੇ ਮਜਬੂਰ ਕਰਨ ਵਾਲਾ ਹਿੱਸਾ ਆਇਤ 14 ਹੈ: ''ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ... ਸਾਡੇ ਵਿਚ ਵਾਸ ਕੀਤਾ...।'' ਅਸੀਂ ਇਸ ਨੂੰ ''ਦੇਹਧਾਰੀ ਹੋਇਆ'' (ਇਕ ਲਾਤੀਨੀ ਵਾਕ ਅੰਸ਼ ਤੋਂ ਲਿਆ ਗਿਆ ਜਿਸ ਦਾ ਅਰਥ ''ਦੇਹ ਵਾਂਗ ਬਣਾਉਣਾ''[7] ਹੈ) ਆਖਦੇ ਹਾਂ। ਦੇਹਧਾਰੀ ਹੋਣ ਬਾਰੇ ਬਾਈਬਲ ਦਾ ਬੇਹਤਰੀਨ ਵਾਕ ਫ਼ਿਲਿੱਪੀਆਂ 2:5–8 ਹੈ। ਮਨੁੱਖ ਦੇ ਰੂਪ ਵਿਚ ਉਸ ਦੇ ਆਉਣ ਦੇ ਹਰ ਭੇਤ ਨੂੰ ਅਸੀਂ ਨਹੀਂ ਸਮਝ ਸਕਦੇ, ਪਰ ਵਿਸ਼ਵਾਸ ਨਾਲ ਅਸੀਂ ਇਸ ਵੱਡੀ ਹਕੀਕਤ ਨੂੰ ਮੰਨਦੇ ਹਾਂ ਕਿ ''ਸ਼ਬਦ ਦੇਹਧਾਰੀ ਹੋਇਆ।'' ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਲਿਖਿਆ ਹੈ,

> ... ਚਾਹੀਦਾ ਸੀ ਭਈ ਉਹ ਸਭਨੀਂ ਗੱਲੀਂ ਆਪਣੇ ਭਾਈਆਂ ਵਰਗਾ ਬਣੇ ਤਾਂ ਜੋ ਉਹ ... ਦਿਆਲੂ ਅਤੇ ਮਾਤਬਰ ਪਰਧਾਨ ਜਾਜਕ ਹੋਵੇ। ਕਿਉਂਕਿ ਜਦੋਂ ਉਸ ਨੇ ਆਪ ਹੀ ਪਰਤਾਵੇ ਵਿਚ ਪੈ ਕੇ ਦੁਖ ਝੱਲਿਆ ਤਾਂ ਉਹ ਉਨ੍ਹਾਂ ਦੀ ਜਿਹੜੇ ਪਰਤਾਵੇ ਵਿਚ ਪੈਂਦੇ ਹਨ ਸਹਾਇਤਾ ਕਰ ਸਕਦਾ ਹੈ (ਇਬਰਾਨੀਆਂ 2:17, 18)।

ਆਪਣੀ ਜਾਣ ਪਛਾਣ ਵਿਚ ਯੂਹੰਨਾ ਨੇ ਕੁਝ ਹੋਰ ਵੀ ਕਹਿਣਾ ਸੀ। (1) ਯਿਸੂ ਚਾਨਣ (ਰੌਸ਼ਨੀ ਦੇਣ ਵਾਲਾ) ਹੈ (ਆਇਤਾਂ 4, 5, 9; ਆਇਤਾਂ 16–18 ਵੇਖੋ)।[8] (2) ਯਿਸੂ ਦੇ ਅੱਗੇ ਆਉਣ ਵਾਲੇ ਨੇ ਚਾਨਣ ਦੀ ਗਵਾਹੀ ਦਿੱਤੀ (ਆਇਤਾਂ 6–8, 15)। (3) ਹਨੇਰੇ ਵਿਚ ਡੁੱਬੇ ਸੰਸਾਰ ਨੇ ਚਾਨਣ ਨੂੰ ਠੁਕਰਾ ਦਿੱਤਾ (ਆਇਤਾਂ 5, 10, 11)। (4) ਨਿਹਚਾ ਅਤੇ ਰੂਹਾਨੀ ਜਨਮ ਦੇ ਰਾਹੀਂ ਕੁਝ ਹੀ ਲੋਕਾਂ ਨੇ ਚਾਨਣ ਨੂੰ ਗ੍ਰਹਿਣ ਕੀਤਾ[9] (ਆਇਤਾਂ 12, 13)। ਪਰ ਹਾਲ ਦੀ ਘੜੀ ਸਾਡਾ ਧਿਆਨ ਮਸੀਹ ਦੀ ਪੂਰਵ ਹੋਂਦ ਦੀ ਹਕੀਕਤ ਉੱਤੇ ਹੀ ਰਹੇਗਾ।

## ਨਬੂਵਤਾਂ ਪੂਰੀਆਂ ਹੋਈਆਂ (ਮੱਤੀ 1:1-17; ਲੂਕਾ 3:23-38)

**ਮੱਤੀ ਵਾਲੀ ਕੁਲਪੱਤਰੀ** (ਮੱਤੀ 1: 1-17)

ਮੱਤੀ ਦੀ ਕਿਤਾਬ ਵਿਚ ਲੂਕਾ ਅਤੇ ਯੂਹੰਨਾ ਦੀਆਂ ਕਿਤਾਬਾਂ ਵਾਂਗ ਰਸਮੀ ਭੂਮਿਕਾ ਨਹੀਂ ਦਿੱਤੀ ਗਈ। ਬਲਕਿ ਮੱਤੀ ਨੇ ਫ਼ੌਰਨ ਇਹ ਜ਼ੋਰ ਦਿੱਤਾ ਕਿ ਯਿਸੂ ਹੀ ਮਸੀਹਾ ਸੀ ਜਿਸ ਦੀ ਰਾਹ ਯਹੂਦੀ ਲੋਕ ਤੱਕ ਰਹੇ ਸਨ। ਉਸ ਨੇ ਸ਼ੁਰੂਆਤ ਕਰਦਿਆਂ ਲਿਖਿਆ, ''ਕੁਲਪੱਤਰੀ ਯਿਸੂ ਮਸੀਹ ਦਾਊਦ ਦੇ ਪੁੱਤਰ ਦੀ ਜਿਹੜਾ ਅਬਰਾਹਾਮ ਦਾ ਪੁੱਤਰ ਸੀ'' (ਆਇਤ 1)। ਕੈਨ ਗਾਇਰ ਦਾ ਕਹਿਣਾ ਸੀ, ''ਇੰਜੀਲ ਦੇ ਆਪਣੇ ਮੁੱਖ ਚਿੱਤਰ ਦੇ ਰੂਪ ਵਿਚ ਮੱਤੀ ਇਕ ਪਰਿਵਾਰਕ ਰੁੱਖ ਰੱਖਦਾ ਹੈ। ਉਸ ਰੁੱਖ ਦੀਆਂ ਜੜ੍ਹਾਂ ਇਸਰਾਏਲ ਦੇ ਸਭ ਤੋਂ ਮਹਾਨ ਪੁਰਖੇ ਅਬਰਾਹਾਮ ਅਤੇ ਇਸਦੇ ਮਹਾਨ ਬਾਦਸ਼ਾਹ ਦਾਊਦ ਵਿੱਚੋਂ ਹਨ।''[10] ਪੁਰਾਣੇ ਨੇਮ ਦੇ ਨਬੀਆਂ ਮੁਤਾਬਕ ਮਸੀਹ ਨੇ ਅਬਰਾਹਾਮ ਦੀ ਸੰਤਾਨ (ਉਤਪਤ 22: 18; ਅਤੇ ਵੇਖੋ ਗਲਾਤੀਆਂ 3: 16) ਅਤੇ ਦਾਊਦ ਦੀ ਵੀ ਸੰਤਾਨ ਹੋਣਾ ਸੀ (ਵੇਖੋ 2 ਸਮੂਏਲ 7: 16; ਯੂਹੰਨਾ 7: 42)।

ਇਸ ਲਈ ਮੱਤੀ ਨੇ ਅਬਰਾਹਾਮ ਤੋਂ ਸ਼ੁਰੂ ਕਰਕੇ (ਆਇਤ 2) ਦਾਊਦ ਤੋਂ ਹੁੰਦੇ ਹੋਇਆਂ (ਆਇਤਾਂ 6, 7) ਯਿਸੂ ਤਕ ਦਾ ਪਰਿਵਾਰਿਕ ਰੁੱਖ ਬਣਾਇਆ (ਆਇਤ 16)। ਉਸ ਦੀ ਸੂਚੀ ਨੂੰ (1) ਅਬਰਾਹਾਮ ਤੋਂ ਦਾਊਦ, (2) ਦਾਊਦ ਤੋਂ ਬਾਬੁਲ ਨੂੰ ਉੱਠ ਜਾਣ ਦੇ ਸਮੇਂ ਤਕ ਅਤੇ (3) ਉੱਠ ਜਾਣ ਤੋਂ ਲੈ ਕੇ ਯਿਸੂ ਤਕ ਚੌਦਾਂ ਚੌਦਾਂ ਨਾਵਾਂ ਨਾਲ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ (ਆਇਤ 17)।[11] ਪਹਿਲੀ ਵੰਡ ਦੇ ਚੌਦਾਂ ਨਾਂਵਾਂ ਵਿਚ ਦਾਊਦ ਦਾ ਨਾਂਅ ਹੈ ਅਤੇ ਦੂਜੀ ਵੰਡ ਦੇ ਚੌਦਾਂ ਨਾਂਵਾਂ ਵਿਚ ਵੀ ਉਸ ਦਾ ਨਾਂਅ ਹੈ। ਦਾਊਦ ਦੇ ਨਾਂਅ ਦਾ ਦੋ ਵਾਰ ਆਉਣਾ ਸੰਭਵ ਤੌਰ ਤੇ ਖ਼ੁਦਾ ਦੇ ਮਕਸਦਾਂ ਨੂੰ ਪੂਰਾ ਕਰਨ ਲਈ ਉਸ ਦੇ ਯੋਗਦਾਨ ਨੂੰ ਮੰਨਣਾ ਹੈ।

ਮੱਤੀ 1: 1—17 ਤਦ ਤਕ ਹੀ ਨਾਵਾਂ ਦੀ ਬੇਕਾਰ ਸੂਚੀ ਲਗਦੀ ਹੈ ਜਦ ਤਕ ਸਮਾਂ ਕੱਢ ਕੇ ਇਨ੍ਹਾਂ ਨਾਵਾਂ ਨੂੰ ਪੁਰਾਣੇ ਨੇਮ ਵਿਚ ਨਹੀਂ ਲੱਭਿਆ ਜਾਂਦਾ। ਐਫ਼. ਲੇਗਰਡ ਸਮਿੱਥ ਨੇ ਇਸ ਬਾਰੇ ਕਿਹਾ ਹੈ:

> ਮੱਤੀ ਵੱਲੋਂ ਦਿੱਤੀ ਗਈ ਕੁਲਪੱਤਰੀ ਵਿਚ ਕਈ ਸੁਖਦ ਹੈਰਾਨਗੀਆਂ ਹਨ। ਯਿਸੂ ਦੀਆਂ ਮੂਲ ਜੜ੍ਹਾਂ ਵਿਚ ਅਬਰਾਹਾਮ ਅਤੇ ਦਾਊਦ ਵਰਗੇ ਨਾਮੀਂ ਧਰਮੀ ਲੋਕ ਹੀ ਨਹੀਂ, ਬਲਕਿ ਕਈ ਅਜਿਹੇ ਲੋਕ ਵੀ ਹਨ ਜੋ ਇਤਿਹਾਸ ਵਿਚ, ਖ਼ਾਸ ਤੌਰ ਤੇ ਕੁਧਰਮੀਆਂ ਦੇ ਤੌਰ ਤੇ ਜਾਣੇ ਜਾਂਦੇ ਹਨ, ਜਿਨ੍ਹਾਂ ਵਿਚ ਬਾਦਸ਼ਾਹ ਮਨਸ਼ੱਹ ਵੀ ਹੈ। ਜਿਵੇਂ ਕਿ ਉਮੀਦ ਹੋਵੇਗੀ ਕਿ ਸਿਰਫ਼ ਯਹੂਦੀ ਹੀ ਨਹੀਂ, ਬਲਕਿ ਕਨਾਨੀ ਅਤੇ ਇਕ ਮੋਆਬੀ ਸਣੇ ਜਿਨ੍ਹਾਂ ਦੇ ਆਪਣੇ ਲੋਕ ਖ਼ੁਦਾ ਦੇ ਲੋਕਾਂ ਦੇ ਵੈਰੀ ਰਹੇ ਸਨ, ਇਸ ਸੂਚੀ ਵਿਚ ਹਨ। ਉਸ ਸਮੇਂ ਦੀ ਉਨ੍ਹਾਂ ਦੀ ਸਮਾਜਿਕ ਹਾਲਤ ਦੇ ਨਜ਼ਰੀਏ ਵਿਚ ਆਦਮੀਆਂ ਦੇ ਨਾਲ ਨਾਲ ਔਰਤਾਂ ਦਾ ਨਾਂਅ ਹੋਣਾ ਵੀ ਕੁਝ ਅਜੀਬ ਜਿਹਾ ਲਗਦਾ ਹੈ। ਇਸ ਦੇ ਇਲਾਵਾ ਘੱਟੋ ਘੱਟ ਦੋ ਔਰਤਾਂ ਨੂੰ ਤਾਂ ਉਨ੍ਹਾਂ ਦੇ ਪਾਪਾਂ ਕਰਕੇ, ਜਿਹੜੇ ਉਨ੍ਹਾਂ ਨੇ ਕੀਤੇ ਸਨ, ਜਾਣਿਆ ਜਾਂਦਾ ਹੈ।[12]

ਮੱਤੀ ਦੀ ਸੂਚੀ ਵਿਚ ਕੁਝ ਲੋਕ ਤਾਂ ਬੇਹੱਦ ਮਹਾਨ ਸਨ, ਜਦਕਿ ਕੁਝ ਐਨੇ ਮਹਾਨ ਨਹੀਂ ਸਨ ਅਤੇ ਕੁਝ (ਸੱਚ ਆਖੀਏ) ਨਫ਼ਰਤ ਦੇ ਯੋਗ ਸਨ। ਜਿਵੇਂ ਗਾਇਰ ਨੇ ਮੁਲਾਂਕਣ ਕੀਤਾ ਹੈ, ''ਮੁਕਤੀ ਦਾਤੇ ਦੇ ਪਰਿਵਾਰਿਕ ਰੁੱਖ ਵਿਚ, ਝੁਕੀਆਂ ਹੋਈਆਂ ਟਹਿਣੀਆਂ ਅਤੇ ਟੁੱਟੀਆਂ ਹੋਈਆਂ ਟਹਿਣੀਆਂ ਦੇ ਰੁੱਖਾਂ ਉੱਤੇ ਸੋਕਾ ਲਾਉਣ ਵਾਲਾ ਰੋਗ ਅਤੇ ਬੇਕਾਰ ਦੇ ਫਲ ਹੋਣਾ, ਦੋਵੇਂ ਲੱਗੇ ਸਨ।''[13] ਜੇ ਸਾਨੂੰ ਇਸ ਗੱਲ ਦਾ ਸਬੂਤ ਮਿਲ ਜਾਵੇ ਕਿ ਖ਼ੁਦਾ ਮਨੁੱਖ ਜਾਤੀ ਦੀ ਕਮਜ਼ੋਰੀ (ਅਤੇ ਜ਼ਿੱਦੀ ਹੋਣ) ਦੇ ਬਾਵਜੂਦ ਆਪਣਾ ਮਕਸਦ ਪੂਰਾ ਕਰ ਸਕਦਾ ਹੈ, ਤਾਂ ਮੱਤੀ ਵੱਲੋਂ ਦਿੱਤੀ ਗਈ ਵੰਸ਼ਾਵਲੀ ਵਿਚ ਇਹ

ਸਬੂਤ ਬੜੀ ਖੁੱਲ੍ਹਦਿਲੀ ਨਾਲ ਦਿੱਤਾ ਗਿਆ ਹੈ!

**ਲੂਕਾ ਵਾਲੀ ਕੁਲਪੱਤਰੀ (ਲੂਕਾ 3:23-38)**

ਲੂਕਾ ਨੇ ਵੀ ਕੁਲਪੱਤਰੀ ਦੀ ਸੂਚੀ ਦਿੱਤੀ, ਪਰ ਇਹ ਉਸ ਦੀ ਕਿਤਾਬ ਦੇ ਸ਼ੁਰੂ ਵਿਚ ਨਹੀਂ ਮਿਲਦੀ। ਇਹ ਅਧਿਆਇ 3 ਵਿਚ ਮਿਲਦੀ ਹੈ ਅਤੇ ਉਸ ਦਾ ਮਕਸਦ ਮੱਤੀ ਵੱਲੋਂ ਦਿੱਤੀ ਗਈ ਸੂਚੀ ਨਾਲੋਂ ਫ਼ਰਕ ਹੈ। ਮੱਤੀ ਵਾਲੀ ਕੁਲਪੱਤਰੀ ਦੀ ਸੂਚੀ ਅਬਰਾਹਾਮ ਤੋਂ ਸ਼ੁਰੂ ਕਰਕੇ (ਮੱਤੀ 1:1, 2) ਯਹੂਦੀਆਂ ਨਾਲ ਯਿਸੂ ਦੇ ਸਬੰਧ ਨੂੰ ਵਿਖਾਉਂਦੀ ਹੈ। ਲੂਕਾ ਵਾਲੀ ਕੁਲਪੱਤਰੀ ਦਾ ਦੁਨਿਆਵੀ ਹਿੱਸਾ ਆਦਮ ਨਾਲ ਮੁੱਕਦਾ ਹੈ (ਲੂਕਾ 3:38) ਅਤੇ ਦੁਨੀਆਂ ਦੇ ਸਭ ਲੋਕਾਂ ਨਾਲ ਯਿਸੂ ਦੇ ਸਬੰਧ ਨੂੰ ਵਿਖਾਉਂਦਾ ਹੈ।


ਯਿਸੂ ਦੀ ਕੁਲਪੱਤਰੀ ਦੇ ਸਬੰਧ ਵਿਚ ਮੱਤੀ ਅਤੇ ਲੂਕਾ ਦੇ ਵਿਰਤਾਂਤ ਬਿਲਕੁਲ ਫ਼ਰਕ ਹਨ। ਦੋਵੇਂ ਇਹ ਵਿਖਾਉਂਦੇ ਹਨ ਕਿ ਯਿਸੂ ਅਬਰਾਹਾਮ (ਮੱਤੀ 1:2; ਲੂਕਾ 3:34) ਅਤੇ ਦਾਊਦ (ਮੱਤੀ 1:6; ਲੂਕਾ 3:31) ਦੀ ਸੰਤਾਨ ਹਨ, ਪਰ ਦੂਜੇ ਜ਼ਿਆਦਾਤਰ ਨਾਂਅ ਦੋਹਾਂ ਸੂਚੀਆਂ ਵਿਚ ਫ਼ਰਕ ਹਨ।[14]

ਇਨ੍ਹਾਂ ਭਿੰਨਤਾਵਾਂ ਬਾਰੇ ਵੱਖੋ ਵੱਖ ਸੁਝਾਅ ਦਿੱਤੇ ਗਏ ਹਨ। ਸਭ ਤੋਂ ਅਸਾਨ ਅਤੇ ਸ਼ਾਇਦ ਸਭ ਤੋਂ ਵਧੀਆ ਸੁਝਾਅ ਇਹ ਹੈ ਕਿ ਮੱਤੀ *ਯੂਸਫ਼*[15] ਦੇ ਰਾਹੀਂ ਯਿਸੂ ਦੀ ਕਾਨੂੰਨੀ ਕੁਲਪੱਤਰੀ ਬਾਰੇ ਦੱਸਦਾ ਹੈ, ਜਦ ਕਿ ਲੂਕਾ ਮਰੀਅਮ ਦੇ ਰਾਹੀਂ ਯਿਸੂ ਦੀ ਦੁਨਿਆਵੀ ਕੁਲਪੱਤਰੀ ਦੇ ਬਾਰੇ।[16] ਇਹ ਨਿਚੋੜ ਯੂਸਬਿਯੁਸ (ਲਗਭਗ 260–340 ਈਸਵੀ) ਤਕ ਦੇ ਮਸੀਹੀ ਲੇਖਾਂ ਵਿਚ ਪਾਇਆ ਜਾਂਦਾ ਹੈ।[17] ਇਕ ਵਿਚਾਰ ਯੂਸੁਫ਼ ਦੇ ਨਜ਼ਰੀਏ ਤੋਂ ਮਸੀਹ ਦੇ ਜਨਮ ਉੱਤੇ ਮੱਤੀ ਦੇ ਜ਼ੋਰ ਦੇਣ ਨਾਲ (ਮੱਤੀ 1:18–25; 2:13–15, 19–23) ਅਤੇ ਮਰੀਅਮ ਦੇ ਨਜ਼ਰੀਏ ਤੋਂ ਯਿਸੂ ਦੇ ਜਨਮ ਤੇ ਲੂਕਾ ਦੇ ਜ਼ੋਰ ਦੇਣ (ਲੂਕਾ 1:26–56; 2:1–20 [ਵੇਖੋ 2:19]) ਨਾਲ ਮੇਲ ਖਾਂਦਾ ਹੈ। ਉਹ ਮੱਤੀ ਦੇ ਯਹੂਦੀ ਜ਼ੋਰ ਅਤੇ ਲੂਕਾ ਦੇ ਯੂਨਾਨੀ ਜ਼ੋਰ ਨਾਲ ਵੀ ਮਿਲ ਜਾਂਦਾ ਹੈ।[18]

ਇਸ ਵਿਚਾਰ ਵਿਚ ਵੱਡੀ ਦਿੱਕਤ ਇਹੀ ਹੈ ਕਿ ਲੂਕਾ ਵਾਲੀ ਕੁਲਪੱਤਰੀ ਵਿਚ ਮਰੀਅਮ ਦਾ ਜ਼ਿਕਰ ਨਹੀਂ ਹੈ।[19] ਪਰ ਧਿਆਨ ਦਿਓ ਕਿ ਲਿਖਤ ਦੇ ਕਹਿਣ ਤੋਂ ਭਾਵ ਇਹ ਹੈ ਕਿ ਲੂਕਾ ਇਹ ਸੰਕੇਤ ਦੇ ਕੇ ਕਿ ਯਿਸੂ ਯੂਸੁਫ਼ ਦਾ ਅਸਲ ਪੁੱਤਰ ਨਹੀਂ ਸੀ (''ਜਿਵੇਂ ਸਮਝਿਆ ਜਾਂਦਾ ਸੀ, ਯੂਸੁਫ਼ ਦਾ ਪੁੱਤਰ''), ਯੂਸੁਫ਼ ਦੇ ਰਾਹੀਂ ਯਿਸੂ ਦੀ ਕੁਲਪੱਤਰੀ ਨਹੀਂ ਦੇ ਰਿਹਾ ਸੀ। ਜੇ ਯੂਸੁਫ਼ ਦੇ ਰਾਹੀਂ ਨਹੀਂ ਤਾਂ ਫਿਰ ਕਿਸ ਦੇ ਰਾਹੀਂ? ਇਸ ਦਾ ਸਿੱਧਾ ਜਵਾਬ ਇਹ ਹੈ ਕਿ ਲੂਕਾ ਮਰੀਅਮ ਦੇ ਰਾਹੀਂ ਯਿਸੂ ਦੀ ਪਰਿਵਾਰ ਰੇਖਾ ਬਾਰੇ ਦੱਸ ਰਿਹਾ ਹੈ। ''ਜਿਵੇਂ ਸਮਝਿਆ ਜਾਂਦਾ ਸੀ, ਯੂਸੁਫ਼ ਦਾ ਪੁੱਤਰ'' ਨੂੰ ਸੰਭਵ ਤੌਰ ਤੇ ''ਏਲੀ ਦਾ ਪੁੱਤਰ'' ਜਿਸ ਦਾ ਅਰਥ ਯਿਸੂ ਯੂਸੁਫ਼ ਦਾ ਪੁੱਤਰ ਨਹੀਂ ਸ਼ਬਦਾਂ ਨਾਲ ਦੇ ਰੂਪ ਵਿਚ ਮੰਨਿਆ ਜਾਣਾ ਚਾਹੀਦਾ ਹੈ। ਏ.ਟੀ. ਰਾਬਰਟਸਨ ਨੇ ਲਿਖਿਆ ਹੈ, ''ਯਿਸੂ ਏਲੀ ਦਾ[20] ਦੋਹਤਾ ਹੋਵੇਗਾ, ਜਿਸ ਦਾ ਅਰਥ 'ਪੁੱਤਰ' ਹੀ ਮੰਨਿਆ ਜਾ ਸਕਦਾ ਹੈ।''[21]

ਇਸ ਤਰ੍ਹਾਂ ਮੱਤੀ ਨੇ ਜ਼ੋਰ ਦਿੱਤਾ ਕਿ ਦੁਨਿਆਵੀ ਜਾਂ ਕਾਨੂੰਨੀ ਤੌਰ ਤੇ ਯਿਸੂ ਦਾਊਦ ਦੀ ਸੰਤਾਨ ਸੀ, ਜਦ ਕਿ ਲੂਕਾ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਯਿਸੂ ਦਾਊਦ ਦੇ ਵੰਸ਼ ਵਿੱਚੋਂ ਸੀ। ਮੱਤੀ ਨੇ ਦਾਊਦ ਦੇ ਪੁੱਤਰ ਸੁਲੇਮਾਨ ਬਾਦਸ਼ਾਹ ਤੋਂ ਸ਼ੁਰੂ ਕੀਤਾ, ਜਦ ਕਿ ਲੂਕਾ ਨੇ ਦਾਊਦ ਦੇ ਪੁੱਤਰ ਨਾਥਾਨ ਦੇ ਰਾਹੀਂ ਕੁਲਪੱਤਰੀ ਦਾ ਜ਼ਿਕਰ ਕੀਤਾ (2 ਸਮੂਏਲ 5:14)। ਰੇਖਾਚਿੱਤਰ ਨਾਲ ਇਨ੍ਹਾਂ ਦੋਹਾਂ ਪਰਿਵਾਰਾਂ ਦੀਆਂ ਰੇਖਾਵਾਂ ਦੀ ਸਮਝ ਆ ਜਾਂਦੀ ਹੈ। ਜੇ ਕੁਲਪੱਤਰੀ ਦੀਆਂ ਇਨ੍ਹਾਂ ਦੋਹਾਂ ਸੂਚੀਆਂ ਵਿਚ ਜ਼ਰੁਬਾਬਿਲ ਉਹੀ ਆਦਮੀ ਹੈ ਪਰ ਇਹ ਲਾਈਨਾਂ ਵਿਚਕਾਰ ਮਿਲ ਕੇ ਫੇਰ ਵੱਖ ਹੋ ਸਕਦੀਆਂ ਹਨ।[22]

ਇੰਜੀਲ ਦੀਆਂ ਕਿਤਾਬਾਂ ਵਿਚ ਦਿੱਤੀਆਂ ਇਨ੍ਹਾਂ ਦੋਹਾਂ ਕੁੱਲਪਤਰੀਆਂ ਨਾਲ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ 2 ਸਮੂਏਲ 7:16 ਦੀ ਨਬੂਵਤ ਪੂਰੀ ਹੋ ਚੁੱਕੀ ਸੀ।




*ਦਾਊਦ ਤੋਂ ਯਿਸੂ ਦੀ ਕੁਲਪੱਤਰੀ*

## ਵਾਅਦੇ ਕੀਤੇ ਗਏ (ਲੂਕਾ 1:5-38)

ਲੂਕਾ ਦੀ ਕਿਤਾਬ ਵਿਚ ਮਸੀਹ ਦੇ ਆਉਣ ਦੇ ਫ਼ੌਰਨ ਬਾਅਦ ਹੋਣ ਵਾਲੀਆਂ ਘਟਨਾਵਾਂ ਦਾ ਪੂਰਾ ਵੇਰਵਾ ਹੈ। ਲੂਕਾ ਨੇ ਕੀਤੇ ਗਏ ਵਾਅਦਿਆਂ ਦੀ ਜਾਣ ਪਛਾਣ ਦੋ ਕਹਾਣੀਆਂ ਨਾਲ ਕਰਵਾਈ।

**ਜ਼ਕਰਯਾਹ ਨਾਲ ਵਾਅਦਾ** (ਆਇਤਾਂ 5-25)

ਪਹਿਲਾ ਵਾਅਦਾ ਜ਼ਕਰਯਾਹ ਨਾਮਕ ਇਕ ਯਾਜਕ ਨਾਲ ਯਰੂਸ਼ਲਮ ਦੀ ਹੈਕਲ ਵਿਚ ਕੀਤਾ ਗਿਆ ਸੀ।

ਜ਼ਕਰਯਾਹ ਯਰੂਸ਼ਲਮ ਦੇ ਦੱਖਣ ਪੱਛਮ ਦੇ ਪਹਾੜੀ ਇਲਾਕੇ ਵਿਚ ਰਹਿੰਦਾ ਸੀ। ਉਸ ਦੀ ਪਤਨੀ ਇਲੀਸਬਤ ਵੀ ਹਾਰੂਨ ਦੀ ਸੰਤਾਨ ਸੀ।[23] ਦੋਵੇਂ ਧਰਮੀ ਅਤੇ ਖ਼ੁਦਾ ਦਾ ਖ਼ੌਫ਼ ਮੰਨਣ ਵਾਲੇ ਸਨ। ਉਨ੍ਹਾਂ ਦੀ ਜ਼ਿੰਦਗੀ ਵਿਚ ਇੱਕੋ ਹੀ ਗੜਬੜ ਸੀ ਕਿ ਉਹ ਦੋਵੇਂ ਬੇਔਲਾਦ ਹੀ ਬੁੱਢੇ ਹੋ ਗਏ ਸਨ (ਆਇਤ 7)।

ਯਾਜਕਾਂ ਦਾ ਕੰਮ 24 ਹਿੱਸਿਆਂ ਵਿਚ ਵੰਡਿਆ ਗਿਆ ਸੀ (1 ਇਤਿਹਾਸ 24:1–19)। ਜ਼ਕਰਯਾਹ ਅਬਿਯਾਹ ਦੇ ਗੁੱਟ ਵਿੱਚੋਂ ਸੀ (ਲੂਕਾ 1:5; ਵੇਖੋ 1 ਇਤਿਹਾਸ 24:10)। ਹੈਕਲ ਵਿਚ ਸੇਵਾ ਲਈ ਯਾਜਕਾਂ ਦੀ ਡਿਊਟੀ ਲਗਦੀ ਸੀ ਜੋ ਹਫ਼ਤੇ ਵਿਚ ਇਕ ਵਾਰ ਆਉਂਦੀ ਸੀ। ਹਰ ਹਫ਼ਤੇ ਹੈਕਲ ਦੇ ਕੰਮ ਲਈ ਗੁਣੇ ਪਾਏ ਜਾਂਦੇ ਸਨ (ਲੂਕਾ 1:9)। ਹਰ ਕਿਸੇ ਦੀ ਇੱਛਾ ਉਸ ਵੇਦੀ ਉੱਤੇ, ਜਿਹੜੀ ਅਤਿ ਪਵਿੱਤਰ ਅਸਥਾਨ ਨੂੰ ਢੱਕਣ ਵਾਲੇ ਪਰਦੇ ਦੇ ਸਾਹਮਣੇ ਸੀ, ਧੂਫ਼ ਧੁਖਾਉਣ ਦੀ ਹੁੰਦੀ ਸੀ। ਆਮ ਯਾਜਕ ਉਸ ਪਵਿੱਤਰ ਅਸਥਾਨ ਦੇ ਐਨਾ ਕੁ ਹੀ ਨੇੜੇ ਜਾ ਸਕਦਾ ਸੀ। ਇਹ ਜ਼ਿੰਦਗੀ ਵਿਚ ਇੱਕੋ ਹੀ ਵਾਰ ਮਿਲਣ ਵਾਲਾ ਸਨਮਾਨ ਸੀ।

ਕਹਾਣੀ ਦੇ ਸ਼ੁਰੂ ਵਿਚ ਹੈਕਲ ਵਿਚ ਸੇਵਾ ਲਈ, ਜ਼ਕਰਯਾਹ ਦੀ ਵਾਰੀ ਸੀ ਅਤੇ ਉਸ ਨੂੰ ਧੂਫ਼ ਧੁਖਾਉਣ ਦਾ ਸੁਭਾਗ ਮਿਲਿਆ ਸੀ। ਪਵਿੱਤਰ ਅਸਥਾਨ ਵਿਚ ਜਾਂਦਿਆਂ ਉਹ ਜ਼ਰੂਰ ਸੋਚ ਰਿਹਾ ਹੋਵੇਗਾ ਕਿ ਉਹਦੇ ਲਈ ਇਹ ਦਿਨ ਕਿੰਨਾ ਵੱਡਾ ਹੈ। ਪਰ ਅੱਜ ਦਾ ਦਿਨ ਤਾਂ ਉਸ ਤੋਂ ਵੀ ਕਿਤੇ ਖ਼ਾਸ ਹੋਣਾ ਸੀ ਜਿਸ ਦਾ ਉਸ ਨੂੰ ਅੰਦਾਜ਼ਾ ਵੀ ਨਹੀਂ ਸੀ, ਕਿਉਂਕਿ ਖ਼ੁਦਾ ਦੇ ਫ਼ਰਿਸ਼ਤੇ ਜਿਬਰਾਈਲ[24] ਨੇ ਉਸ ਨੂੰ ਦਰਸ਼ਣ ਦਿੱਤਾ।

ਖ਼ੁਦਾ ਦੇ ਫ਼ਰਿਸ਼ਤੇ[25] ਨੇ ਇਸ ਬਜ਼ੁਰਗ ਯਾਜਕ ਨੂੰ ਦੱਸਿਆ ਕਿ ਇਲੀਸਬਤ ਦੀ ਕੁਖੋਂ ਇਕ ਬੇਟੇ ਦਾ ਜਨਮ ਹੋਵੇਗਾ (ਆਇਤ 13)।[26] ਇਸ ਬੇਟੇ ਨੇ ਜਿਸ ਦਾ ਨਾਂਅ ਯੂਹੰਨਾ ਹੋਣਾ ਸੀ, ਮਸੀਹਾ ਦੇ ਅੱਗੇ ਆਉਣ ਵਾਲੇ ਦੇ ਰੂਪ ਵਿਚ ''ਏਲੀਯਾਹ ਦੀ ਆਤਮਾ ਅਰ ਬਲ ਨਾਲ'' ਆਉਣਾ ਸੀ (ਆਇਤ 17[27])। ਯਾਜਕ ਨੂੰ ਫ਼ਰਿਸ਼ਤੇ ਦੀਆਂ ਗੱਲਾਂ ਦਾ ਯਕੀਨ ਨਾ ਆਇਆ (ਆਇਤਾਂ 18, 20)। ਇਕ ਨਿਸ਼ਾਨ ਅਤੇ ਆਪਣੇ ਬੇਵਿਸ਼ਵਾਸੇ ਹੋਣ ਦੀ ਸਜ਼ਾ ਦੇ ਰੂਪ ਵਿਚ ਜ਼ਕਰਯਾਹ ਨੇ ਬੋਲਣ ਵਿਚ ਅਸਮਰਥ ਹੋਣਾ ਸੀ (ਆਇਤ 20)।

ਹਫ਼ਤੇ ਦੀ ਆਪਣੀ ਸੇਵਾ ਪੂਰੀ ਕਰਨ ਦੇ ਬਾਅਦ, ਜ਼ਕਰਯਾਹ ਘਰ ਚਲਿਆ ਗਿਆ (ਆਇਤ 23)। ਫ਼ਰਿਸ਼ਤੇ ਦੀ ਨਬੂਵਤ ਮੁਤਾਬਕ ਛੇਤੀ ਹੀ ਉਸ ਦੀ ਪਤਨੀ ਗਰਭਵਤੀ ਹੋ ਗਈ (ਆਇਤ 24)। ਯਾਜਕ ਨੂੰ ਇਹ ਸਮਝ ਹੋਣੀ ਜ਼ਰੂਰੀ ਸੀ ਅਤੇ ਸਾਨੂੰ ਵੀ ਕਿ ''ਕੋਈ ਵਚਨ ਪਰਮੇਸ਼ੁਰ ਦੇ ਵੱਲੋਂ ਸ਼ਕਤੀਹੀਣ ਨਾ ਹੋਵੇਗਾ'' (ਆਇਤ 37; KJV)।

**ਮਰੀਅਮ ਨਾਲ ਵਾਅਦਾ (ਆਇਤਾਂ 26-38)**

ਪਹਿਲਾ ਵਾਅਦਾ ਪਲਸਤੀਨ ਦੇ ਸਭ ਤੋਂ ਪਵਿੱਤਰ ਸ਼ਹਿਰ ਵਿਚ ਕੀਤਾ ਗਿਆ ਸੀ; ਜਦ ਕਿ ਦੂਜਾ ਵਾਅਦਾ ਸਭ ਤੋਂ ਨਿਕੰਮੇ ਮੰਨੇ ਜਾਣ ਵਾਲੇ ਸ਼ਹਿਰ ਵਿਚ (ਯੂਹੰਨਾ 1:46)।

ਜਦ ਇਲੀਸਬਤ ਨੂੰ ਗਰਭਵਤੀ ਹੋਇਆਂ ਛੇ ਕੁ ਮਹੀਨੇ ਹੋ ਗਏ (ਆਇਤਾਂ 26, 36),[28] ਤਾਂ ਜਿਬਰਾਈਲ ਨੇ ਗਲੀਲ ਦੇ ਇਕ ਛੋਟੇ ਜਿਹੇ ਪਿੰਡ ਨਾਸਰਤ ਦੀ ਇਕ ਮੁਟਿਆਰ ਨੂੰ ਦਰਸ਼ਨ ਦਿੱਤਾ।[29] ਇਸ ਮੁਟਿਆਰ ''ਦੀ ਕੁੜਮਾਈ ਯੂਸੁਫ਼ ਕਰਕੇ ਦਾਊਦ ਦੇ ਇਕ ਘਰਾਣੇ ਦੇ ਇਕ ਪੁਰਖ ਨਾਲ ਹੋਈ ਸੀ ... ਉਸ ਕੁਆਰੀ ਦਾ ਨਾਉਂ ਸੀ ਮਰੀਅਮ'' (ਆਇਤ 27)।

ਯੂਨਾਨੀ ਸ਼ਬਦ ਦੇ ਅਨੁਵਾਦ ''ਕੁੜਮਾਈ'' ਦਾ ਅਰਥ ਉਹ ਪਰਬੰਧ ਨਹੀਂ ਸੀ ਜਿਸ ਨੂੰ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਠਾਕੇ ਦੇ ਰੂਪ ਵਿਚ ਜਾਣਦੇ ਹਨ। ਯਹੂਦੀ ਲੋਕਾਂ ਦੇ ਵਿਆਹ ਦੇ ਦੋ ਚਰਣ ਹੁੰਦੇ ਸਨ: ਪਹਿਲਾ ਸਮਰਪਣ ਦਾ ਇਕ ਸਮਾਰੋਹ (ਜਿਸ ਨੂੰ ''ਮੰਗਣੀ'' ਆਖਿਆ ਜਾਂਦਾ ਸੀ [ਮੱਤੀ 1:18]) ਅਤੇ ਫਿਰ ਕਿਸੇ ਵਕਤ,[30] ਸਹੀ ਵਿਆਹ ਹੁੰਦਾ ਸੀ। ਪਹਿਲੇ ਸਮਾਰੋਹ ਨਾਲ ਲਾੜਾ ਲਾੜੀ ਆਪਸ ਵਿਚ ਕਾਨੂੰਨੀ ਤੌਰ ਤੇ ਪਤੀ ਪਤਨੀ ਦੇ ਰਿਸ਼ਤੇ ਵਿਚ ਬੱਝ ਜਾਂਦੇ ਸਨ, ਭਾਵੇਂ ਉਨ੍ਹਾਂ ਦਾ ਵਿਆਹ ਅਜੇ ਨਹੀਂ ਹੋਇਆ ਹੁੰਦਾ ਸੀ। ਮਰੀਅਮ ਕਾਨੂੰਨੀ ਤੌਰ ਤੇ ਯੂਸੁਫ਼ ਨਾਲ ਬੱਝੀ ਹੋਈ ਸੀ, ਪਰ ਅਧਿਕਾਰਿਕ ਤੌਰ ਤੇ ਅਜੇ ਉਨ੍ਹਾਂ ਦਾ ਵਿਆਹ ਨਹੀਂ ਹੋਇਆ ਸੀ।[31]

ਫ਼ਰਿਸ਼ਤੇ ਨੇ ਮਰੀਅਮ ਨੂੰ ਦੱਸਿਆ, ''ਅਤੇ ਵੇਖ ਤੂੰ ਗਰਭਵਤੀ ਹੋਵੇਂਗੀ ਅਰ ਪੁੱਤਰ ਜਣੇਂਗੀ ਅਤੇ ਉਹਦਾ ਨਾਮ ਯਿਸੂ ਰੱਖਣਾ'' (ਆਇਤ 31)। ''ਯਿਸੂ'' ਇਬਰਾਨੀ ਭਾਸ਼ਾ ਦੇ ਨਾਂਅ ''ਯਹੋਸ਼ੁਆ'' ਦਾ ਯੂਨਾਨੀ ਰੂਪ ਹੈ, ਜਿਹੜਾ ਉਸ ਨਾਮ, ਜਿਸ ਦਾ ਅਰਥ ''ਯਹੋਵਾਹ ਬਚਾਉਂਦਾ ਹੈ'' ਜਾਂ ''ਯਹੋਵਾਹ ਮੁਕਤੀ ਹੈ'' ਦਾ ਰੂਪ ਹੈ। ਉਸ ਸਮੇਂ ਇਹ ਇਕ ਆਮ ਨਾਂਅ ਸੀ,[32] ਪਰ ਢੁਕਦਾ ਹੋਣ ਕਰਕੇ ਮਰੀਅਮ ਦੇ ਪੁੱਤਰ ਲਈ ਇਹੀ ਨਾਂਅ ਚੁਣਿਆ ਗਿਆ ਸੀ (ਵੇਖੋ ਮੱਤੀ 1:21)।

ਜ਼ਕਰਯਾਹ ਦੇ ਉਲਟ, ਮਰੀਅਮ ਨੂੰ ਇਹ ਯਕੀਨ ਕਰਨ ਵਿਚ ਕੋਈ ਮੁਸ਼ਕਿਲ ਨਹੀਂ ਆਈ ਕਿ ਫ਼ਰਿਸ਼ਤੇ ਦਾ ਵਾਅਦਾ ਪੂਰਾ *ਹੋਵੇਗਾ* (ਲੂਕਾ 1:45)। ਪਰ ਉਸ ਦੇ ਮਨ ਵਿਚ ਇਹ ਸਵਾਲ ਜ਼ਰੂਰ ਸੀ ਕਿ ਇਹ ਸਭ ਹੋਵੇਗਾ *ਕਿਵੇਂ*:

> ਮਰੀਅਮ ਨੇ ਦੂਤ ਨੂੰ ਆਖਿਆ, ਇਹ ਕਿੱਕੁਰ ਹੋਵੇਗਾ ਜਦ ਮੈਂ ਪੁਰਸ਼ ਨੂੰ ਨਹੀਂ ਜਾਣਦੀ।[33] ਦੂਤ ਨੇ ਉਸ ਨੂੰ ਉੱਤਰ ਦਿੱਤਾ ਕਿ ਪਵਿੱਤਰ ਆਤਮਾ ਤੇਰੇ ਉੱਪਰ ਆਵੇਗਾ ਅਰ ਅੱਤ ਮਹਾਨ ਦੀ ਕੁਦਰਤ ਤੇਰੇ ਉੱਤੇ ਛਾਇਆ ਕਰੇਗੀ ਇਸ ਕਰਕੇ ਜਿਹੜਾ ਜੰਮੇਗਾ ਉਹ ਪਵਿੱਤਰ ਅਤੇ ਪਰਮੇਸ਼ੁਰ ਦਾ ਪੁੱਤਰ ਕਹਾਵੇਗਾ (ਆਇਤਾਂ 34, 35)।

ਕੁਆਰੀ ਤੋਂ ਜਨਮ ਦੀ ਬਾਈਬਲ ਦੀ ਸਿੱਖਿਆ ਨੂੰ ਪੂਰੀ ਤਰ੍ਹਾਂ ਨਾਲ ਸਮਝਣਾ ਸਾਡੀ ਸਮਝ ਤੋਂ ਬਾਹਰਾ ਹੈ, ਪਰ ਵਿਸ਼ਵਾਸ ਨਾਲ ਅਸੀਂ ਇਸ ਨੂੰ ਮੰਨਦੇ ਹਾਂ। ਕੁਝ ਲੋਕ ਇਹ ਸਿੱਖਿਆ ਦਿੰਦੇ ਹਨ ਕਿ ਕੁਆਰੀ ਤੋਂ ਜਨਮ ਦੀ ਗੱਲ ਤੇ ਯਕੀਨ ਕਰੋ ਜਾਂ ਨਾ ਕਰੋ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਜੌਨ ਫ਼੍ਰੈਂਕਲਿਨ ਕਾਰਟਰ ਨੇ ਕੁਝ ਕਾਰਣ ਦੱਸੇ ਹਨ ਕਿ ਇਸਦਾ ਸਾਡੇ ਵਿਸ਼ਵਾਸ ਵਿਚ ਕੀ ਯੋਗਦਾਨ ਹੈ:[34] (1) ਨਵਾਂ ਨੇਮ ਕੁਆਰੀ ਤੋਂ ਯਿਸੂ ਦੇ ਪੈਦਾ ਹੋਣ ਦੀ ਸਿੱਖਿਆ ਦਿੰਦਾ ਹੈ, ਇਸ ਕਰਕੇ ਕੁਆਰੀ ਤੋਂ ਜਨਮ ਦੀ ਸਿੱਖਿਆ ਤੋਂ ਇਨਕਾਰ ਕਰਨਾ ਬਾਈਬਲ ਦੇ ਖ਼ੁਦਾ ਦੀ ਪ੍ਰੇਰਣਾ ਤੋਂ ਹੋਣ ਦਾ ਇਨਕਾਰ ਕਰਨਾ ਹੀ ਹੈ।

(2) ਕੁਆਰੀ ਤੋਂ ਜਨਮ ''ਖ਼ੁਦਾ ਦੇ ਦੇਹਧਾਰੀ ਹੋਣ'' ਦਾ ਇਕ ਅਨਿੱਖੜਵਾਂ ਅੰਗ ਸੀ, ਇਸ ਕਰਕੇ ਕੁਆਰੀ ਤੋਂ ਜਨਮ ਦਾ ਇਨਕਾਰ ਯਿਸੂ ਦੇ ਖ਼ੁਦਾਈ ਹੋਣ ਦਾ ਨਾਸ ਕਰਦਾ ਹੈ।

(3) ਕੁਆਰੀ ਤੋਂ ਜਨਮ ਦੀ ਗੱਲ ਯਿਸੂ ਦੇ ਖ਼ੁਦਾ ਹੋਣ ਨਾਲ ਜੁੜੀ ਹੈ, ਇਸ ਕਰਕੇ ਕੁਆਰੀ ਤੋਂ ਜਨਮ ਦਾ ਇਨਕਾਰ ਕਰਨ ਦਾ ਮਤਲਬ ਯਿਸੂ ਦੀ ਮੌਤ ਦੀ ਪ੍ਰਭਾਵਸ਼ਾਲੀ ਸ਼ਕਤੀ ਤੋਂ ਇਨਕਾਰ ਕਰਨਾ ਹੀ ਹੈ। ਕਿਸੇ ਨਾਸਵਾਨ ਮਨੁੱਖ ਦੀ ਮੌਤ ਦੂਜੇ ਸਭ ਨਾਸਵਾਨ ਮਨੁੱਖਾਂ ਦੇ ਪਾਪਾਂ ਦਾ ਪ੍ਰਾਸਚਿਤ ਕਿਵੇਂ ਹੋ ਸਕਦੀ ਹੈ?

(4) ਕੁਆਰੀ ਤੋਂ ਜਨਮ ਦੀ ਗੱਲ ਯਿਸੂ ਦੀ ਜ਼ਿੰਦਗੀ ਵਿਚ ਹੋਣ ਵਾਲੇ ਮੋਅਜਜ਼ਿਆਂ ਵਿੱਚੋਂ ਸਭ ਤੋਂ ਪਹਿਲਾ ਸੀ। ਇਸ ਕਰਕੇ ਕੁਆਰੀ ਦੇ ਜਨਮ ਤੋਂ ਇਨਕਾਰ ਕਰਨਾ ਦੂਜੇ ਮੋਅਜਿਜ਼ਆਂ ਨੂੰ ਜਿਨ੍ਹਾਂ ਵਿਚ ਜੀ ਉੱਠਣ ਦਾ ਮੋਅਜਜ਼ਾ ਵੀ ਹੈ, ਨਾ ਮੰਨਣਾ ਹੈ। ਅਵਿਸ਼ਵਾਸ ਕੁਆਰੀ ਤੋਂ ਜਨਮ ਤੋਂ ਇਨਕਾਰ ਕਰਨ ਦੀ ਜੜ੍ਹ ਅਤੇ ਫਲ ਦੋਵੇਂ ਹੈ।

## ਵਡਿਆਈ ਦਿੱਤੀ ਗਈ (ਲੂਕਾ 1:39-56)[35]

ਜ਼ਿਬਰਾਈਲ ਨੇ ਦੱਸਿਆ ਕਿ ਖ਼ੁਦਾ ਮਰੀਅਮ ਦੀ ਰਿਸ਼ਤੇਦਾਰ ਇਲੀਸਬਤ ਕੋਲ ਵੀ ਗਿਆ ਸੀ ਅਤੇ ਉਹਦੀ ਇਹ ਰਿਸ਼ਤੇਦਾਰ ਗਰਭਵਤੀ ਹੈ। ਫ਼ਰਿਸ਼ਤੇ ਦੇ ਦਰਸ਼ਣ ਦੇ ਥੋੜ੍ਹੀ ਦੇਰ ਬਾਅਦ ਹੀ ਮਰੀਅਮ ਸ਼ਹਿਰ ਵਿਚ ਦੱਖਣ ਵੱਲ ਨੂੰ 70–80 ਮੀਲ ਤਕ ਗਈ ਜਿੱਥੇ ਜ਼ਕਰਯਾਹ ਅਤੇ ਇਲੀਸਬਤ ਦੋਵੇਂ ਰਹਿੰਦੇ ਸਨ (ਆਇਤਾਂ 39, 40)। ਉਹਨੂੰ ਲੱਗਾ ਹੋਵੇਗਾ ਕਿ ਉਸ ਦੀ ਰਿਸ਼ਤੇਦਾਰ ਹੀ ਇਹ ਗੱਲ ਸਮਝ ਸਕਦੀ ਹੈ ਕਿ ਉਹਦੇ ਨਾਲ ਕੀ ਹੋ ਰਿਹਾ ਹੈ।

### ਇਲੀਸਬਤ ਨੇ ਮਰੀਅਮ ਨੂੰ ਸਲਾਹਿਆ (ਆਇਤਾਂ 41-45)

ਇਹ ਕਿਹੋ ਜਿਹੀ ਮੁਲਾਕਾਤ ਹੋਵੇਗੀ ਜਿਸ ਵਿਚ ਦੋ ਔਰਤਾਂ ਨੂੰ ਜਿਨ੍ਹਾਂ ਵਿਚ ਇਕ ਬੁੱਢੀ ਅਤੇ ਇਕ ਅਜੇ ਕੁੜੀ ਹੀ ਸੀ, ਖ਼ੁਦਾ ਦੇ ਹੱਥ ਨੇ ਛੂਹਿਆ ਸੀ। ਇਲੀਸਬਤ ਮਰੀਅਮ ਨੂੰ ਵੇਖਦਿਆਂ ਹੀ ਉਸ ਦੀ ਤਾਰੀਫ਼ ਕਰਨ ਲੱਗ ਪਈ: ''ਅਤੇ ਉਹ ਜ਼ੋਰ ਨਾਲ ਉੱਚੀ ਦੇ ਕੇ ਬੋਲੀ, ਮੁਬਾਰਕ ਹੈਂ ਤੂੰ ਤੀਵੀਆਂ ਵਿੱਚੋਂ, ਨਾਲੇ ਮੁਬਾਰਕ ਤੇਰੀ ਕੁੱਖ ਦਾ ਫਲ'' (ਆਇਤ 42)।

### ਮਰੀਅਮ ਨੇ ਖ਼ੁਦਾ ਦੀ ਤਾਰੀਫ਼ ਕੀਤੀ (ਆਇਤਾਂ 46-56)

ਜਵਾਬ ਵਿਚ ਮਰੀਅਮ ਨੇ ਯਹੋਵਾਹ ਨੂੰ ਵਡਿਆਈ ਦਿੱਤੀ। ਉਸ ਨੇ ਇਹ ਅੰਦਾਜ਼ਾ ਲਾਉਂਦਿਆਂ ਕਿ ਖ਼ੁਦਾ ਭਵਿੱਖ ਵਿਚ ਵੀ ਵੱਡੇ ਵੱਡੇ ਕੰਮ ਕਰੇਗਾ, ਅਤੀਤ ਵਿਚ ਆਪਣੇ ਨਾਲ ਕੀਤੇ ਖ਼ੁਦਾ ਦੇ ਵੱਡੇ ਵੱਡੇ ਕੰਮਾਂ ਬਾਰੇ ਦੱਸਿਆ।[36]

ਤਿੰਨ ਮਹੀਨੇ ਤਕ ਇਲੀਸਬਤ ਦੇ ਜਣੇਪੇ ਦੇ ਦਿਨ ਪੂਰੇ ਹੋਣ ਤਕ ਮਰੀਅਮ ਯਹੂਦੀਆ ਵਿਚ ਹੀ ਰਹੀ। ਫਿਰ ਉਹ ਆਪਣੇ ਘਰ ਨਾਸਰਤ ਵਿਚ ਚਲੀ ਗਈ।[37]

## ਇਕ ਨਬੀ ਦਿੱਤਾ ਗਿਆ (ਲੂਕਾ 1:57-80)

**ਯੂਹੰਨਾ ਦਾ ਜਨਮ (ਆਇਤਾਂ 57-79)**

ਜ਼ਕਰਯਾਹ ਅਤੇ ਬੱਚੇ ਦੇ ਜਨਮ ਤੇ ਗੁਆਂਢੀ ਅਤੇ ਰਿਸ਼ਤੇਦਾਰ ਉਨ੍ਹਾਂ ਨਾਲ ਖੁਸ਼ੀ ਕਰਨ ਲਈ ਇਕੱਠੇ ਹੋਏ।

ਯਹੂਦੀ ਸ਼ਰ੍ਹਾ ਮੁਤਾਬਕ ਮੁੰਡਾ ਹੋਣ ਤੇ ਅੱਠਵੇਂ ਦਿਨ ਉਸ ਦੀ ਸੁੰਨਤ ਕੀਤੀ ਜਾਂਦੀ ਸੀ (ਲੇਵੀਆਂ 12:3)। ਨਵ ਜੰਮੇ ਬੱਚੇ ਦੀ ਸੁੰਨਤ ਦੇ ਸਮਾਰੋਹ ਵਿਚ ਪਰਿਵਾਰ ਦੇ ਲੋਕਾਂ ਨੇ ਉਸ ਦਾ ਨਾਂਅ ਉਸ ਦੇ ਪਿਤਾ ਦੇ ਨਾਅ ਤੇ ''ਜ਼ਕਰਯਾਹ'' ਰੱਖਣ ਦਾ ਸੁਝਾਅ ਦਿੱਤਾ,[38] ਇਲੀਸਬਤ (ਜਿਸ ਨੂੰ ਫ਼ਰਿਸ਼ਤੇ ਦੀਆਂ ਗੱਲਾਂ ਪਤਾ ਸਨ) ਨੇ ਆਖਿਆ, ''ਨਹੀਂ, ਪਰ ਉਹ ਯੂਹੰਨਾ ਸਦਾਵੇਗਾ'' (ਆਇਤ 60)। ਉਨ੍ਹਾਂ ਨੇ ਜ਼ਕਰਯਾਹ ਅੱਗੇ ਵੀ ਬੇਨਤੀ ਕੀਤੀ ਪਰ ਉਸ ਨੇ ਵੀ ਨਾਂਅ ਦੀ ਪਸੰਦ ਲਈ ਇਲੀਸਬਤ ਦੀ ਹਾਂ ਵਿਚ ਹੀ ਹਾਂ ਮਿਲਾਈ। ''ਉਸੇ ਵੇਲੇ ਉਹਦਾ ਮੂੰਹ ਅਤੇ ਉਹਦੀ ਜੀਭ ਖੁੱਲ੍ਹ ਗਈ ਅਤੇ ਉਹ ਬੋਲਿਆ ਅਤੇ ਪਰਮੇਸ਼ੁਰ ਨੂੰ ਮੁਬਾਰਕ ਕਹਿਣ ਲੱਗਾ'' (ਆਇਤ 64)।

69 ਤੋਂ 79 ਆਇਤਾਂ ਵਿਚ ਬਜ਼ੁਰਗ ਯਾਜਕ ਦੇ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੇ ਸ਼ਬਦ ਮਿਲਦੇ ਹਨ। 68 ਤੋਂ 75 ਆਇਤਾਂ ਆਪਣੇ ਲੋਕਾਂ ਲਈ ਉਹਦੇ ਵਾਅਦਿਆਂ ਕਰਕੇ ਖ਼ੁਦਾ ਦੀ ਤਾਰੀਫ਼ ਹਨ, ਜਦ ਕਿ 76 ਤੋਂ 79 ਆਇਤਾਂ ਉਸ ਦੇ ਪੁੱਤਰ ਲਈ ਹਨ। ਉਸ ਨੇ ਬਾਲ ਯੂਹੰਨਾ ਨੂੰ ਆਖਿਆ, ''ਅਤੇ ਤੂੰ, ਹੇ ਬਾਲਕ, ਅੱਤ ਮਹਾਨ ਦਾ ਨਬੀ ਅਖਵਾਏਂਗਾ, ਕਿਉਂ ਜੋ ਤੂੰ ਪ੍ਰਭੂ ਦੇ ਰਸਤਿਆਂ ਨੂੰ ਤਿਆਰ ਕਰਨ ਲਈ ਉਹ ਦੇ ਅੱਗੇ ਅੱਗੇ ਚੱਲੇਂਗਾ'' (ਆਇਤ 76)। ਫ਼ਰਿਸ਼ਤੇ ਵਾਂਗ ਹੀ ਜ਼ਕਰਯਾਹ ਨੇ ਮਸੀਹਾ ਦੇ ਅੱਗੇ ਆਉਣ ਬਾਰੇ ਮਲਾਕੀ ਨਬੀ ਨੂੰ ਦੁਹਰਾਇਆ।

**ਯੂਹੰਨਾ ਦੀ ਮੁੱਢਲੀ ਜ਼ਿੰਦਗੀ (ਆਇਤ 80)**

ਆਇਤ 80 ਯੂਹੰਨਾ ਦੇ ਪਹਿਲੇ 30 ਜਾਂ ਵੱਧ ਸਾਲਾਂ ਦਾ ਇਕ ਸੰਖੇਪ ਜਿਹਾ ਰੇਖਾਚਿੱਤਰ ਦਿੰਦੀ ਹੈ: ''ਅਤੇ ਉਹ ਬਾਲਕ ਵਧਦਾ ਅਰ ਆਤਮਾ ਵਿਚ ਜ਼ੋਰ ਫੜਦਾ ਗਿਆ ਅਤੇ ਇਸਰਾਏਲ ਉੱਤੇ ਆਪਣੇ ਪਰਗਟ ਹੋਣ ਦੇ ਦਿਨ ਤੀਕਰ ਉਜਾੜ ਵਿਚ ਰਿਹਾ।'' ਇਹ ਉਜਾੜ ਖਾਰੇ ਸਮੁੰਦਰ ਦੇ ਪੱਛਮ ਵਿਚ ਯਹੂਦੀਆ ਦਾ ਹੀ ਇਲਾਕਾ ਸੀ।

### ਸਾਰ

ਫ਼ਰਿਸ਼ਤੇ ਮਨੁੱਖਾਂ ਨੂੰ ਦਰਸ਼ਣ ਦਿੰਦੇ ਸਨ। ਲੋਕਾਂ ਨੂੰ ਬੋਲਣ ਲਈ ਖ਼ੁਦਾ ਦੇ ਆਤਮਾ ਰਾਹੀਂ ਪ੍ਰੇਰਿਤ ਕੀਤਾ ਜਾਂਦਾ ਸੀ। ਚਾਰ ਸੌ ਸਾਲ ਦੀ ਖਾਮੋਸ਼ੀ[39] ਟੁੱਟ ਚੁੱਕੀ ਸੀ! ''ਸਮਾਂ ਪੂਰਾ ਹੋਇਆ'' (ਗਲਾਤੀਆਂ 4:4) ਸੀ! ਮਸੀਹਾ ਆ ਰਿਹਾ ਸੀ!

ਮਸੀਹਾ ਦੇ ਜਨਮ ਦੇ ਕਿਆਫ਼ੇ ਲਾਉਣ ਵਾਲਿਆਂ ਦੀ ਉੱਤੇਜਨਾ ਨੂੰ ਵੇਖੋ। ਇਸ ਖ਼ਬਰ ਨਾਲ ਕਿ ਯਿਸੂ ਆ ਰਿਹਾ ਹੈ, ਉਹ ਆਨੰਦਿਤ ਹੋਏ। ਜਦ ਕੋਈ ਤੁਹਾਨੂੰ ਕਹੇ ਕਿ ''ਉਹ ਆ ਚੁੱਕਿਆ ਹੈ ਅਤੇ ਜ਼ਿੰਦਾ ਹੈ'' ਤਾਂ ਕੀ ਤੁਸੀਂ ਰੋਂਮਾਂਚਿਤ ਹੁੰਦੇ ਹੋ? ਇਸ ਕਹਾਣੀ ਦੇ ਬਾਰ ਬਾਰ ਸੁਣਨ ਦਾ ਮਤਲਬ ਇਹ ਨਾ ਹੋਵੇ ਕਿ ਤੁਹਾਡੇ ਦਿਮਾਗ ਉੱਤੇ ਇਸ ਦਾ ਅਸਰ ਹੀ ਘਟਣ ਲਗ ਜਾਵੇ।

ਅਗਲੇ ਪਾਠ ਵਿਚ ਅਸੀਂ ਯਿਸੂ ਦੇ ਜਨਮ ਉੱਤੇ ਗੌਰ ਕਰਾਂਗੇ।

---

ਟਿੱਪਣੀਆਂ

[1]ਯੂਸੁਫ਼ ਕੋਲ ਫ਼ਰਿਸ਼ਤੇ ਦਾ ਐਲਾਨ (ਮੱਤੀ 1:18–25) ਮਰੀਅਮ ਦੀ ਫੇਰੀ ਅਤੇ ਯੂਹੰਨਾ ਦੇ ਜਨਮ ਦੇ ਦਰਮਿਆਨ ਜੋੜਿਆ ਜਾ ਸਕਦਾ ਹੈ। ਲੂਕਾ 1 ਵਾਂਗ ਕਹਾਣੀ ਨੂੰ ਅੱਗੇ ਤੋਰਨ ਦੇ ਕੁਝ ਫ਼ਾਇਦੇ ਹਨ। ਹਾਰਮਨੀ ਦੇ ਅਗਲੇ ਭਾਗ ਵਿਚ ਅਸੀਂ ਮੱਤੀ 1:18 ਨਾਲ ਸ਼ੁਰੂਆਤ ਕਰਾਂਗੇ। [2]ਇਸ ਕਿਤਾਬ ਦੇ ਸ਼ੁਰੂ ਵਿਚ ਸੰਖੇਪ ਟਿੱਪਣੀਆਂ ਲੂਕਾ 1:1–4 ਵਿਚ ਦਿੱਤੀਆਂ ਗਈਆਂ ਹਨ। [3]ਇਸ ਕਿਤਾਬ ਵਿਚ ਪਹਿਲਾਂ ਯੂਹੰਨਾ ਦੀ ਕਿਤਾਬ ਵਿਚ ਵਿਲੱਖਣ ਜਾਣ–ਪਛਾਣ ਲਈ ਪਾਠ ਵਿਚ ਯੂਹੰਨਾ ਦੇ ਤਰਕ ਚਰਚਾ ਕੀਤੀ ਗਈ ਹੈ। [4]ਰਚਣਹਾਰੇ ਦੇ ਰੂਪ ਵਿਚ ਯਿਸੂ ਦੇ ਸਬੰਧ ਵਿਚ ਵੇਖੋ ਯੂਹੰਨਾ 1:10; 1 ਕੁਰਿੰਥੀਆਂ 8:6; ਕਲੁੱਸੀਆਂ 1:16, 17, ਇਬਰਾਨੀਆਂ 1:2. [5]ਕੁਝ ਲੋਕ ਯਿਸੂ ਨੂੰ ''ਯਹੋਵਾਹ ਦੇ ਦੂਤ'' ਨਾਲ ਮਿਲਾਉਂਦੇ ਹਨ (ਉਤਪਤ 16:7)। ਇਹ ਸਾਫ਼ ਨਹੀਂ ਹੈ ਕਿ ਉਹ ਫ਼ਰਿਸ਼ਤਾ ਇੱਕੋ ਹੀ ਹੁੰਦਾ ਸੀ ਜਾਂ ਨਹੀਂ। ਜੇ ਇੱਕੋ ਹੀ ਹੁੰਦਾ ਸੀ, ਤਾਂ ਵੀ ਇਹਦਾ ਕੋਈ ਸਾਫ਼ ਸਬੂਤ ਨਹੀਂ ਹੈ ਕਿ ਉਹ ਅਲੌਕਿਕ ਪ੍ਰਾਣੀ ''ਖ਼ੁਦਾਈ'' ਦਾ ਦੂਜਾ ਸ਼ਖ਼ਸ ਹੀ ਸੀ। [6]*ਲੋਗੋਸ* ਯੂਨਾਨੀ ਭਾਸ਼ਾ ਦਾ ਸ਼ਬਦ ਹੈ, ਜਿਸਦਾ ਅਨੁਵਾਦ ਯੂਹੰਨਾ 1:1, 14 ਵਿਚ ''ਸ਼ਬਦ'' ਹੋਇਆ ਹੈ। ਇਹ ਉਹੀ ਸ਼ਬਦ ਹੈ ਜਿਸ ਤੋਂ ਅੰਗ੍ਰੇਜ਼ੀ ਭਾਸ਼ਾ ਦਾ ਸ਼ਬਦ ''ਲੌਜਿਕ'' ਬਣਿਆ ਹੈ। ਇਸ ਦੀ ਵਰਤੋਂ ਹੋਰ ਸ਼ਬਦਾਂ ਦੇ ਮੇਲ ਵਿਚ ਵੀ ਕੀਤੀ ਜਾਂਦੀ ਹੈ, ਜਿਸ ਦਾ ਅਰਥ ''ਅਧਿਐਨ'' ਹੈ। ਜਿਵੇਂ ''ਬਾਇਉਲੌਜੀ'' (ਜੀਵਨ ਦਾ ਅਧਿਐਨ)। ਯੂਹੰਨਾ ਰਸੂਲ ਨੇ ਯਿਸੂ ਬਾਰੇ ਦੱਸਣ ਲਈ ਹੋਰ ਸ਼ਬਦਾਂ ਵਿਚ ਵੀ *ਲੋਗੋਸ* ਦੀ ਵਰਤੋਂ ਕੀਤੀ (ਵੇਖੋ 1 ਯੂਹੰਨਾ 1:1; ਪ੍ਰਕਾਸ਼ ਦੀ ਪੋਥੀ 1:2; 19:13)। ਮਸੀਹ ਬਾਰੇ ਦੱਸਣ ਲਈ ਇਸ ਸ਼ਬਦ ਦੀ ਵਰਤੋਂ ਕਰਨ ਵਾਲਾ ਨਵੇਂ ਨੇਮ ਦਾ ਉਹੀ ਇਕੱਲ੍ਹਾ ਲੇਖਕ ਹੈ। [7]KJV ਵਿਚ ਆਮ ਤੌਰ ਤੇ ''carnal'' ਸ਼ਬਦ ਵਰਤਿਆ ਗਿਆ ਹੈ। ਜਿਸ ਦਾ ਅਰਥ ''ਸਰੀਰਕ'' ਹੈ (ਰੋਮੀਆਂ 7:14)। [8]ਵੇਖੋ ਯੂਹੰਨਾ 3:19–21. [9]ਰੂਹਾਨੀ ਜਨਮ ਦੇ ਵਿਚਾਰ ਯੂਹੰਨਾ 3 ਵਿਚ ਵਿਸਤਾਰ ਦਿੱਤਾ ਗਿਆ ਹੈ। [10]ਕੈੱਨ ਗਾਇਰ, *ਮੋਮੈਂਟਸ ਵਿਦ ਦ ਸੇਵਿਅਰ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1998), 18.

[11]ਮੱਤੀ ਦੀ ਸੂਚੀ ਦੀ ਪੁਰਾਣੇ ਨੇਮ ਦੀ ਕੁਲਪੱਤਰੀਆਂ ਨਾਲ ਤੁਲਨਾ ਕਰਨ ਤੇ ਇਹ ਵੇਖਿਆ ਜਾਵੇਗਾ ਕਿ ਕਈ ਨਾਂਅ ਛੱਡ ਦਿੱਤੇ ਗਏ ਹਨ। ਉਦਾਹਰਣ ਲਈ, ਮੱਤੀ 1:8 ਕਹਿੰਦਾ ਹੈ, ''ਯੋਰਾਮ ਤੋਂ ਉਜ਼ੀਯਾਹ ਜੰਮਿਆ,'' ਅਰ ਉਜ਼ੀਯਾਹ ਅਸਲ ਯੋਰਾਮ ਦਾ ਲਕੜ–ਪੋਤਾ ਸੀ (ਵੇਖੋ 2 ਰਾਜਿਆਂ 8:25; 13:1; 14:1, 21)। ਅਸੀਂ ਪੱਕਾ ਨਹੀਂ ਆਖ ਸਕਦੇ ਇਨ੍ਹਾਂ ਲੋਕਾਂ ਦਾ ਨਾਂਅ ਕਿਉਂ ਨਹੀਂ ਦਿੱਤਾ ਗਿਆ। ਉਹ ਬੁਰੇ ਲੋਕ ਸਨ, ਪਰ ਜਿਨ੍ਹਾਂ ਦਾ ਨਾਂਅ ਦਿੱਤਾ ਗਿਆ ਹੈ ਉਹ ਵੀ ਤਾਂ ਬੁਰੇ ਲੋਕ ਹੀ ਸਨ। ਦੋ ਗੱਲਾਂ ਯਾਦ ਰੱਖੋ: (1) ਯਹੂਦੀ ਲੋਕ ਵੰਸ਼ਾਵਲੀ ਦੱਸਣ ਵਿਚ ਵੱਧ ਯਕੀਨ ਰੱਖਦੇ ਸਨ ਨਾ ਕਿ ਉਸ ਵੰਸ਼ਾਵਲੀ ਵਿਚਲੇ ਹਰ ਬੰਦੇ ਦਾ ਨਾਂਅ ਦੱਸਣ ਵਿਚ। (2) ਯਹੂਦੀ ਲੋਕ ''ਸਾਫ਼'' ਸੂਚੀਆਂ ਨੂੰ ਵੱਧ ਪਸੰਦ ਕਰਦੇ ਸਨ। [12]ਐਫ਼. ਲੇਗਰਡ ਸਮਿਥ, *ਦ ਨੈਰੇਟਡ ਬਾਈਬਲ ਇਨ ਕ੍ਰੋਨੋਲੋਜੀਕਲ ਆਰਡਰ* (ਯੂਜੀਨ, ਓਰੀਗਨ: ਹਾਰਵੈਸਟ ਹਾਊਸ ਪਬਲਿਸ਼ਰਜ਼, 1984), 1353. [13]ਗਾਇਰ, 19. [14]ਇਸ ਦਾ ਇਕ ਅਪਵਾਦ ਜ਼ਰੂਬਾਬਿਲ ਹੋ ਸਕਦਾ ਹੈ (ਮੱਤੀ 1:12; ਲੂਕਾ 3:27) ਭਾਵੇਂ ਕੁਝ ਲੋਕ ਇਹ ਨਹੀਂ ਮੰਨਦੇ ਕਿ ਦੋਹਾਂ ਸੂਚੀਆਂ ਵਾਲੇ ਜ਼ਰੂਬਾਬਿਲ ਇੱਕੋ ਹੀ ਹਨ। [15]ਯਿਸੂ ਯੂਸੁਫ਼ ਦਾ *ਕਾਨੂੰਨੀ* ਪੁੱਤਰ ਸੀ ਨਾ ਕਿ ਉਸ ਦਾ *ਖ਼ੂਨੀ* ਪੁੱਤਰ। ਯਿਸੂ ਦਾ ਪਿਤਾ ਸਿਰਫ਼ ਖ਼ੁਦਾ ਸੀ। [16]ਯਿਸੂ ਦੀ ਵੰਸ਼ਾਵਲੀ ਨੂੰ ਵੇਖਣ ਦੇ ਇਨ੍ਹਾਂ ਦੋਹਾਂ ਢੰਗਾਂ ਨੂੰ ਕਈ ਵਾਰ *ਲੀਗਲ* (ਯੂਸੁਫ਼ ਦੇ ਰਾਹੀਂ) ਲਾਈਨ ਅਤੇ *ਰੀਗਲ* (ਸ਼ਾਹੀ) ਲਾਈਨ (ਮਰੀਅਮ ਦੇ ਰਾਹੀਂ) ਦੇ ਤੌਰ ਤੇ ਵੱਖ ਕੀਤਾ ਜਾਂਦਾ ਹੈ। [17]ਐਕਲੇਸਿਏਸਟੀਕਲ ਹਿਸਟਰੀ 1.7. [18]ਇਸ ਕਿਤਾਬ ਵਿਚ ਮੱਤੀ ਅਤੇ ਲੂਕਾ ਦੀਆਂ ਕਿਤਾਬਾਂ ਵਿਚ ਦਿੱਤੇ ਜਾਣ ਵਾਲੇ ਜ਼ੋਰ ਦੀ ਚਰਚਾ ਵੇਖੋ। [19]ਇਸ ਦਾ ਕਰਣ ਇਹ ਹੋ ਸਕਦਾ ਹੈ ਕਿ ਆਮ ਤੌਰਤੇ ਯਹੂਦੀ ਲੋਕ ਵੰਸ਼ਾਵਲੀਆਂ ਵਿਚ ਔਰਤਾਂ ਨੂੰ ਸ਼ਾਮਿਲ ਨਹੀਂ ਕਰਦੇ ਸਨ। ਔਰਤਾਂ ਦਾ ਜ਼ਿਕਰ ਕਦੇ ਕਦਾਈਂ ਹੋਇਆ ਹੋ ਸਕਦਾ ਹੈ (ਮੱਤੀ 1:3, 5), ਪਰ ਵੰਸ਼ ਮਰਦਾਂ ਨਾਲ ਹੀ ਚੱਲਦਾ ਸੀ। [20]ਕੁਝ ਅਨੁਵਾਦਾਂ ਵਿਚ ''ਏਲੀ'' ਹੈ ਜਦਕਿ ਕਈਆਂ ਵਿਚ ''ਹੇਲੀ'' ਹੈ। ਇਹ ਇੱਕੋ ਹੀ ਨਾਂਅ ਵੱਖ ਵੱਖ ਢੰਗਾਂ ਨਾਲ ਸੱਦਣ ਦੇ ਦੋ ਢੰਗ ਹਨ।

[21]ਏ. ਟੀ. ਰੌਬਰਟਸਨ, *ਏ ਹਾਰਮਨੀ ਆਫ਼ ਦ ਗੌਸਪਲਜ਼ ਫ਼ਾਰ ਸਟੂਡੈਂਟਸ ਆਫ਼ ਦ ਲਾਈਫ਼ ਆਫ਼ ਕ੍ਰਾਈਸਟ* (ਨਿਊ ਯਾਰਕ: ਹਾਰਪਰ ਐਂਡ ਰੋਅ, 1950), 261. ''ਪੁੱਤਰ'' ਤੋਂ ''ਦੀ ਸੰਤਾਨ'' ਦਾ ਸੰਕੇਤ ਮਿਲ ਸਕਦਾ ਹੈ (ਵੇਖੋ ਮੱਤੀ 1:1)। ਬਾਈਬਲ ਵਿਚ ''ਪੁੱਤਰ'' ਇਕ ਸੰਭਾਵਿਤ ਅਰਥ ''ਜਵਾਈ'' ਹੈ। ਕੁਝ ਲੋਕ ਅੰਦਾਜ਼ਾ ਲਾਉਂਦੇ ਹਨ ਕਿ ਏਲੀ ਦੀਆਂ ਸਿਰਫ਼ ਬੇਟੀਆਂ ਹੀ ਸਨ, ਜਿਸ ਦਾ ਮਤਲਬ ਇਹ ਸੀ ਕਿ ਜਵਾਈ, ਪੁੱਤਰ ਵਾਂਗ ਹੀ ਵਾਰਿਸ ਹੋ ਸਕਦਾ ਹੈ (ਵੇਖੋ ਗਿਣਤੀ 27:1–11; 36:1–13)। [22]ਜਿਵੇਂ ਪਹਿਲਾਂ ਟਿੱਪਣੀ 14 ਵਿਚ ਸੁਝਾਅ ਦਿੱਤਾ ਗਿਆ ਸੀ, ਇਸ ਸੂਚੀ ਵਿਚਲਾ ਜ਼ਰੁਬਾਬਿਲ ਇੱਕੋ ਹੀ ਆਦਮੀ ਹੋ ਵੀ ਸਕਦਾ ਹੈ ਅਤੇ ਨਹੀਂ ਵੀ। [23]ਮੂਸਾ ਦੀਆਂ ਹਦਾਇਤਾਂ ਮੁਤਾਬਕ, ਯਾਜਕ ਹੋਣ ਲਈ, ਮੂਲ ਮਹਾਯਾਜਕ ਹਾਰੂਨ ਦੀ ਸੰਤਾਨ ਵਿੱਚੋਂ ਹੋਣਾ ਜ਼ਰੂਰੀ ਸੀ (ਕੂਚ 28:1)। [24]ਬਾਈਬਲ ਵਿਚ ਜਿਬਰਾਈਲ (ਲੂਕਾ 1:19, 26; ਵੇਖੋ ਦਾਨੀਏਲ 8:16; 9:21) ਅਤੇ ਮਿਕਾਈਲ (ਯਹੂਦਾ 9; ਪ੍ਰਕਾਸ਼ ਦੀ ਪੋਥੀ 12:7; ਵੇਖੋ ਦਾਨੀਏਲ 10:13, 21; 12:1) ਸਿਰਫ਼ ਦੋ ਹੀ ਫ਼ਰਿਸ਼ਤਿਆਂ ਦੇ ਨਾਂਅ ਹਨ। [25]''ਸੁਰਗਦੂਤ'' ਜਾਂ ਫ਼ਰਿਸ਼ਤਾ ਯੂਨਾਨੀ ਭਾਸ਼ਾ ਦੇ ਉਸ ਸ਼ਬਦ ਦਾ ਬਦਲਵਾਂ ਰੂਪ ਹੈ ਜਿਸ ਦਾ ਮੂਲ ਅਰਥ ''ਦੂਤ'' ਹੈ। [26]ਜਿਬਰਾਈਲ ਦੇ ਐਲਾਨ ਵਿਚ ਉਸ ਨੇ ਕਿਹਾ ਕਿ ਯੂਹੰਨਾ ''ਨਾ ਮੈ ਨਾ ਮਧ ਪੀਵੇਗਾ'' (ਲੂਕਾ 1:15)। ਇਸ ਦੀ ਤੁਲਨਾ ਗਿਣਤੀ 6:2, 3 ਨਾਲ ਕਰੋ। ਜ਼ਾਹਿਰ ਤੌਰ ਤੇ ਯੂਹੰਨਾ ਪੈਦਾਇਸ਼ੀ ਨਜ਼ੀਰ ਨਹੀਂ ਸੀ। ਹੋਰ ਲੋਕ ਜੋ ਨਜ਼ੀਰ ਸਨ ਉਨ੍ਹਾਂ ਦੇ ਨਾਂਅ ਸਮਸੂਨ (ਨਿਆਈਆਂ 13:3–7) ਅਤੇ ਸਮੂਏਲ (1 ਸਮੂਏਲ 1:11) ਹਨ। [27]ਜਿਬਰਾਈਲ ਨੇ ਉਸ ਅੱਗੇ ਆਉਣ ਵਾਲੇ ਦੀ ਨਬੂਵਤ ਮਲਾਕੀ 4:5, 6 ਵਿੱਚੋਂ ਦੁਹਰਾਈ। [28]ਇਹ ਮੰਨਣ ਤੇ ਕਿ ਮਰੀਅਮ ਜਿਬਰਾਈਲ ਦੇ ਐਲਾਨ ਦੇ ਥੋੜ੍ਹੀ ਦੇਰ ਬਾਅਦ ਗਰਭਵਤੀ ਹੋ ਗਈ, ਇਹ ਨਿਚੋੜ ਨਿੱਕਲੇਗਾ ਕਿ ਯੂਹੰਨਾ ਬਪਤਿਸਮਾ ਦੇਣ ਵਾਲਾ ਯਿਸੂ ਤੋਂ ਛੇ ਕੁ ਮਹੀਨੇ ਵੱਡਾ ਸੀ। [29]ਪਹਿਲੀ ਸਦੀ ਦੇ ਯਹੂਦੀ ਇਤਿਹਾਸਕਾਰ ਜੋਸਿਫ਼ਸ ਨੇ ਗਲੀਲ 204 ਸ਼ਹਿਰਾਂ ਜਾਂ ਕਸਬਿਆਂ ਦਾ ਜ਼ਿਕਰ ਕੀਤਾ ਹੈ, ਪਰ ਨਾਸਰਤ ਨਾਂਅ ਦਾ ਕੋਈ ਜ਼ਿਕਰ ਨਹੀਂ ਹੈ (ਜੇ. ਡਬਲਯੂ. ਐਂਡ ਫ਼ਿਲਿੱਪ ਵਾਈ. ਪੈਂਡਲਟਨ, ਦ ਫ਼ੋਰਫ਼ੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫ਼ੋਰ ਗੌਸਪਲਜ਼ [ਸਿਨਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1914], 14)। ਤਾਲਮੁਡ ਵਿਚ ਤ੍ਰੇਹਠ ਗਲੀਲੀ ਸ਼ਹਿਰਾਂ ਦਾ ਜ਼ਿਕਰ ਹੈ ਪਰ ਨਾਸਰਤ ਦਾ ਨਹੀਂ। [30]ਆਮ ਤੌਰ ਤੇ ਵਿਆਹ ਦਾ ਸਮਾਰੋਹ ਮੰਗਣੀ ਦੇ ਸਮਾਰੋਹਾਂ ਦੇ ਤਕਰੀਬਨ ਇਕ ਸਾਲ ਬਾਅਦ ਹੁੰਦਾ ਸੀ।

[31]ਪੜ੍ਹੋ ਵਿਵਸਥਾਸਾਰ 22:23, 24. ਇਸ ਤੋਂ ਪਤਾ ਲਗ ਜਾਂਦਾ ਹੈ ਕਿ ਇਹ ਪਤਾ ਲੱਗਣ ਤੇ ਕਿ ਮਰੀਅਮ ਗਰਭਵਤੀ ਹੈ ਯੂਸੁਫ਼ ਦਾ ਕੀ ਹਾਲ ਹੋਇਆ ਹੋਵੇਗਾ (ਮੱਤੀ 1:18, 19)। [32]ਪੜ੍ਹੋ ਰਸੂਲਾਂ ਦੇ ਕੰਮ 13:6. (''ਬਾਰ ਯਿਸੂ'' ਦਾ ਅਰਥ ਹੈ ''ਯਿਸੂ ਦਾ ਪੁੱਤਰ।'') ''ਯਿਸੂ'' ਅੱਜ ਵੀ ਕਈ ਥਾਂ ਆਮ ਨਾਂਅ ਹੈ। (ਇਕ ਵਾਰ ਮੇਰੇ ਇਕ ਗੁਆਂਢੀ ਦਾ ਨਾਂਅ ''ਯਿਸੂ'' ਸੀ।) [33]ਲੂਕਾ 1:27 ਵਿਚ ''ਕੁਆਰੀ'' ਲਈ ਆਮ ਯੂਨਾਨੀ ਸ਼ਬਦ (*parthenos*) ਤੋਂ ਲਿਆ ਗਿਆ ਹੈ। ਆਇਤ 34 ਵਿਚ ਮਰੀਅਮ ਨੇ ਮੂਲ ਵਿਚ ਇਹੀ ਕਿਹਾ ਸੀ ਕਿ ''ਮੈਂ ਤਾਂ ਮਰਦ ਨੂੰ ਜਾਣਦੀ ਹੀ ਨਹੀਂ'' (ਵੇਖੋ KJV)। ਵਚਨ ਇਸ ਵਿਚ ਕੋਈ ਸ਼ੱਕ ਨਹੀਂ ਰਹਿਣ ਦਿੰਦਾ ਕਿ ਫ਼ਰਿਸਤੇ ਵੱਲੋਂ ਦਰਸ਼ਣ ਦੇਣ ਵੇਲੇ ਮਰੀਅਮ ਕੁਆਰੀ ਸੀ। [34]ਦਿੱਤੇ ਗਏ ਕਾਰਣ ਜੌਨ ਫ਼੍ਰੈਂਕਲਿਨ ਕਾਰਟਰ, *ਏ ਲੇਮੈਨ'ਜ਼ ਹਾਰਮਨੀ ਆਫ਼ ਦ ਗੌਸਪਲਜ਼* (ਨੈਸ਼ਵਿੱਲੇ: ਬ੍ਰਾਡਮੈਨ ਪ੍ਰੈਸ, 1961), 41–42 ਤੋਂ ਲਏ ਗਏ ਹਨ। [35]ਇਸ ਵਚਨ ਤੇ ਵਧੇਰੇ ਜਾਣਕਾਰੀ ਲਈ, ਇਸ ਕਿਤਾਬ ਵਿਚ ਅੱਗੇ ''ਖ਼ੁਦਾ ਨੇ ਮਰੀਅਮ ਨੂੰ ਕਿਉਂ ਚੁਣਿਆ'' ਸਰਮਨ ਵੇਖੋ। [36]ਮਰੀਅਮ ਦੇ ਬੋਲਾਂ ਨੂੰ ਕਈ ਵਾਰ ਮਰੀਅਮ ਦਾ ਗੀਤ ਆਖਿਆ ਜਾਂਦਾ ਹੈ, ਜੋ ਭਾਸ਼ਾ ਵਿਚ ਪ੍ਰਭੂ ਨੂੰ ਉੱਚਾ ਕਰਨ ਦੇ ਭਜਨ ਦਾ ਪਹਿਲਾ ਸ਼ਬਦ ਹੈ। [37]ਜਾਹਿਰ ਹੈ ਕਿ ਉਹ ਯੂਹੰਨਾ ਦੇ ਜਨਮ ਤੋਂ ਕੁਝ ਸਮਾਂ ਪਹਿਲਾਂ ਹੀ ਚਲੀ ਗਈ ਸੀ। ਸ਼ਾਇਦ ਉਹ ਜਨਮ ਲਈ ਆਉਣ ਵਾਲੇ ਇਲੀਸਬਤ ਦੇ ਰਿਸ਼ਤੇਦਾਰਾਂ ਨੂੰ ਆਪਣੇ ਗਰਭਵਤੀ ਹੋਣ ਬਾਰੇ ਪੁੱਛੇ ਜਾਣ ਬਾਰੇ ਸਵਾਲਾਂ ਦਾ ਜਵਾਬ ਨਹੀਂ ਦੇਣਾ ਚਾਹੁੰਦੀ ਸੀ। (ਉਹ ਮਰੀਅਮ ਦੇ ਵੀ ਰਿਸ਼ਤੇਦਾਰ ਹੋਣਗੇ)। [38]ਉਨ੍ਹਾਂ ਦਿਨਾਂ ਵਿਚ ਸੁੰਨਤ ਦੇ ਵਕਤ ਮੁੰਡਿਆਂ ਦਾ ਨਾਂਅ ਰੱਖਣ ਦੀ ਰਵਾਇਤ ਸੀ (ਵੇਖੋ ਲੂਕਾ 2:21)। [39]ਇਸ ਕਿਤਾਬ ਵਿਚ ਪਹਿਲਾਂ ਆਇਆ ਪਾਠ ''ਸੰਸਾਰ ਜਿਸ ਵਿਚ ਮਸੀਹ ਆਇਆ'' ਵੇਖੋ।